# ਮੈਰੀ ਦੀ ਕਹਾਣੀ

ਜਦੋਂ ਸਾਡੀ ਬੱਚੀ 5 ਸਾਲਾਂ ਦੀ ਹੋਈ ਤਾਂ ਸਾਨੂੰ ਪਤਾ ਲੱਗਾ ਕਿ ਉਸ ਨੂੰ ਉੱਚਾ ਸੁਣਦਾ ਹੈ (ਜਿਸ ਸਾਲ ਉਹ ਕਿੰਡਰਗਾਰਟਨ ਵਿੱਚ ਗਈ, ਉਨ੍ਹਾਂ ਗਰਮੀਆਂ ਵਿੱਚ)। ਜਦੋਂ ਉਸ ਦਾ ਜਨਮ ਹੋਇਆ ਸੀ, ਉਦੋਂ ਬੀ ਸੀ ਵਿੱਚ ਨਵਜੰਮੇ ਬੱਚਿਆਂ ਦੀ ਸੁਣਨ ਸ਼ਕਤੀ ਦੀ ਜਾਂਚ ਕਰਨਾ ਅਜੇ ਸ਼ੁਰੂ ਨਹੀਂ ਸੀ ਹੋਇਆ, ਇਸ ਲਈ ਬਦਕਿਸਮਤੀ ਨਾਲ ਉਸ ਦੇ ਜਨਮ ਵੇਲੇ ਉਸ ਦੀ ਸੁਣਨ ਸ਼ਕਤੀ ਦੀ ਘਾਟ ਬਾਰੇ ਪਤਾ ਲਾ ਸਕਣਾ ਸਾਡੇ ਲਈ ਸੰਭਵ ਨਹੀਂ ਸੀ। ਉਸ ਦੀ ਸੁਣਨ ਸ਼ਕਤੀ ਦੀ ਘਾਟ ਬਾਰੇ ਪਤਾ ਲੱਗਣ ’ਤੇ ਸਾਨੂੰ ਬਹੁਤ ਸਦਮਾ ਲੱਗਾ ਅਤੇ ਸਾਨੂੰ ਪਤਾ ਨਹੀਂ ਸੀ ਕਿ ਅਸੀਂ ਕੀ ਕਰੀਏ ਕਿਉਂਕਿ ਅਸੀਂ ਥੋੜ੍ਹੇ ਵਸੀਲਿਆਂ ਵਾਲੇ ਇਕ ਛੋਟੇ ਜਿਹੇ ਪਿੰਡ ਵਿੱਚ ਰਹਿੰਦੇ ਸੀ।

ਮੈਂ ਕਿਸੇ ਵੇਲੇ ਇਕ ਔਰਤ ਨਾਲ ਕੰਮ ਕੀਤਾ ਸੀ, ਜਿਸ ਦੇ ਇਕ ਵੱਡੀ ਉਮਰ ਦੇ ਬੱਚੇ ਨੂੰ ਉੱਚਾ ਸੁਣਦਾ ਸੀ। ਮੈਂ ਉਸ ਨਾਲ ਸੰਪਰਕ ਕੀਤਾ ਅਤੇ ਉਸ ਨੂੰ ਕਈ ਸਵਾਲ ਪੁੱਛੇ ਕਿ ਇਕ ਉੱਚਾ ਸੁਣਨ ਵਾਲੇ ਬੱਚੇ ਦਾ ਪਾਲਣ-ਪੋਸ਼ਣ ਕਰਨ ਵਾਲੀ ਜ਼ਿੰਦਗੀ ਕਿਸ ਤਰ੍ਹਾਂ ਦੀ ਹੈ। ਉਸ ਨੇ ਸਾਡੇ ਮਨ ਵਿੱਚ ਉਮੀਦ ਜਗਾਈ ਕਿ ਸਾਨੂੰ ਅੱਗੇ ਵੱਲ ਜਾਣਾ ਚਾਹੀਦਾ ਸੀ ਅਤੇ ਆਪਣੀ ਬੇਟੀ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਲਈ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਸਨ। ਅਸੀਂ ਵਰਕਸ਼ਾਪਾਂ ਵਿੱਚ ਗਏ ਅਤੇ ਸਾਨੂੰ ਬੋਲੇ ਅਤੇ ਉੱਚਾ ਸੁਣਨ ਵਾਲੇ ਵਿਅਕਤੀਆਂ ਦੀ ਪੈਨਲ ਨੂੰ ਸੁਣਨ ਦਾ ਮੌਕਾ ਮਿਲਿਆ। ਇਹ ਦੇਖਣਾ ਬਹੁਤ ਉਤਸ਼ਾਹਜਨਕ ਸੀ ਕਿ ਉਹ ਸਾਰੇ ਕਾਮਯਾਬ ਹਨ, ਭਾਵੇਂ ਉਹਨਾਂ ਦੀਆਂ ਕਹਾਣੀਆਂ ਅਤੇ ਸੰਚਾਰ ਕਰਨ ਦੇ ਢੰਗ ਵੱਖਰੇ ਵੱਖਰੇ ਸਨ।

ਅਸੀਂ ਥੋੜ੍ਹੇ ਜਿਹੇ ਮਾਯੂਸ ਸੀ ਕਿ ਸਾਡੀ ਕਮਿਊਨਿਟੀ ਕੋਲ ਸੀਮਤ ਵਸੀਲੇ ਸਨ ਅਤੇ ਸਾਨੂੰ ਡਰ ਸੀ ਕਿ ਸ਼ਾਇਦ ਸਾਨੂੰ ਵੱਡੇ ਭਾਈਚਾਰੇ ਵਿੱਚ ਮੂਵ ਹੋਣਾ ਪਵੇ। ਸਾਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਸੂਬੇ ਵਿੱਚ ਆਊਟਰੀਚ ਪ੍ਰੋਗਰਾਮ ਹਨ ਜਿਹੜੇ ਦੂਰ ਦੇ ਭਾਈਚਾਰਿਆਂ ਨੂੰ ਸਹਾਇਤਾ ਪ੍ਰਦਾਨ ਕਰਦੇ ਹਨ। ਸਥਾਨਕ ਪੱਧਰ ’ਤੇ ਇਕ ਹੀਅਰਿੰਗ ਸੁਸਾਇਟੀ ਵੀ ਸੀ ਜਿਹੜੀ ਉਹਨਾਂ ਪਰਿਵਾਰਾਂ ਵਲੋਂ ਚਲਾਈ ਜਾਂਦੀ ਸੀ ਜਿਹਨਾਂ ਦੇ ਬੱਚਿਆਂ ਵਿੱਚ ਸੁਣਨ ਸ਼ਕਤੀ ਦੀ ਘਾਟ ਸੀ। ਉਹ ਦੂਜੇ ਪਰਿਵਾਰਾਂ ਨੂੰ ਮਿਲਣ ਲਈ ਮੌਕੇ ਪ੍ਰਦਾਨ ਕਰਦੇ ਸਨ ਅਤੇ ਜਾਣਕਾਰੀ ਵਾਲੀਆਂ ਵਰਕਸ਼ਾਪਾਂ ਲਾਉਂਦੇ ਸਨ। ਇਸ ਸੁਸਾਇਟੀ ਰਾਹੀਂ ਸਾਨੂੰ ਜਿਹੜੇ ਮੌਕੇ ਮਿਲੇ, ਤਜਰਬੇ ਪ੍ਰਾਪਤ ਹੋਏ ਅਤੇ ਦੂਜੇ ਲੋਕਾਂ ਨਾਲ ਸੰਬੰਧ ਬਣੇ ਸਾਨੂੰ ਉਹਨਾਂ ਦੀ ਕਦਰ ਸੀ।

ਸਾਡੀ ਬੇਟੀ ਦੇ ਦੋਵੇਂ ਕੰਨਾਂ ਵਿੱਚ ਹੀਅਰਿੰਗ ਏਡਾਂ ਲਾਈਆਂ ਗਈਆਂ ਸਨ ਅਤੇ ਹੁਣ ਸਕੂਲ ਵਿੱਚ ਉਹ ਐੱਫ ਐੱਮ ਸਿਸਟਮ ਦੀ ਵਰਤੋਂ ਕਰਦੀ ਹੈ। ਉਸ ਨੂੰ ਹੀਅਰਿੰਗ ਰੀਸੋਰਸ ਟੀਚਰ ਵਲੋਂ ਹਫਤਾਵਾਰੀ ਸਹਾਇਤਾ ਮਿਲਦੀ ਹੈ। ਆਪਣੀ ਬੇਟੀ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਉਸ ਲਈ ਨਿੱਜੀ ਤੌਰ ’ਤੇ ਪੜ੍ਹਾਈ ਦੀ ਯੋਜਨਾ ਬਣਾਉਣ ਲਈ ਅਸੀਂ ਸਕੂਲ ਨਾਲ ਮੀਟਿੰਗ ਕੀਤੀ।

ਸਾਡੀ ਬੇਟੀ ਹੁਣ ਅੱਲੜ੍ਹ (ਟੀਨਏਜ) ਉਮਰ ਤੋਂ ਪਹਿਲਾਂ ਦੀ ਉਮਰ ਵਿੱਚ ਹੈ ਅਤੇ ਕਈ ਤਰ੍ਹਾਂ ਦੀਆਂ ਖੇਡਾਂ, ਫੈਸ਼ਨ, ਪੜ੍ਹਨ ਅਤੇ ਕੁਕਿੰਗ ਵਿੱਚ ਦਿਲਚਸਪੀ ਰੱਖਦੀ ਹੈ। ਉਹ ਪੜ੍ਹਾਈ ਵਿੱਚ ਚੰਗੀ ਹੈ ਅਤੇ ਉਸ ਦੇ ਸਾਥੀ ਉਸ ਨੂੰ ਪਸੰਦ ਕਰਦੇ ਹਨ। ਉਸ ਇਕ ਚੰਗੀ ਸ਼ਖਸੀਅਤ ਦੀ ਮਾਲਕ ਹੈ ਅਤੇ ਪਰਿਵਾਰ ਦੇ ਮੈਂਬਰਾਂ ਅਤੇ ਦੋਸਤਾਂ ਨਾਲ ਹੱਸਣਾ-ਖੇਡਣਾ ਪਸੰਦ ਕਰਦੀ ਹੈ।

ਆਪਣੇ ਸਫਰ ਦੌਰਾਨ ਅਸੀਂ ਕੁਝ ਉਤਰਾਵਾਂ-ਚੜ੍ਹਾਵਾਂ ਵਿੱਚ ਦੀ ਲੰਘੇ ਹਾਂ ਅਤੇ ਸਿਖਦਿਆਂ ਅਤੇ ਵਿਕਾਸ ਕਰਦਿਆਂ ਉਹਨਾਂ ਵਿੱਚ ਦੀ ਲੰਘਣ ਦੇ ਯੋਗ ਹੋਏ ਹਾਂ। ਅਸੀਂ ਕਈ ਨਾਂਹ-ਪੱਖੀ ਚੀਜ਼ਾਂ ਨੂੰ ਹਾਂ-ਪੱਖੀ ਚੀਜ਼ਾਂ ਵਿੱਚ ਬਦਲਿਆ ਹੈ ਅਤੇ ਇਕ ਦੂਸਰੇ ਦਾ ਅਤੇ ਆਪਣੇ ਮਦਦ ਕਰਨ ਵਾਲੇ ਘੇਰੇ ਵਿੱਚ ਆਉਣ ਵਾਲੇ ਲੋਕਾਂ ਦਾ ਸਹਾਰਾ ਲਿਆ ਹੈ। ਸਾਨੂੰ ਆਪਣੀ ਬੇਟੀ ’ਤੇ ਮਾਣ ਹੈ ਅਤੇ ਖੁਸ਼ੀ ਹੈ ਕਿ ਉਹ ਇਕ ਵਿਲੱਖਣ ਮੁਟਿਆਰ ਵਜੋਂ ਵੱਡੀ ਹੋਈ ਹੈ।

